ਬਾਗਬਾਨੀ ਵਿਭਾਗ ਪੰਜਾਬ ਦਾ
ਮਾਸਿਕ ਡਿਜ਼ੀਟਲ ਬੁਲੇਟਿਨ

# ਬਾਗਬਾਨੀ ਸੰਦੇਸ਼

**ਮਹੀਨਾ :** ਸਤੰਬਰ 2025 **ਅੰਕ :** 34

**ਸੰਪਾਦਕ : ਜਸਪਾਲ ਸਿੰਘ ਢਿਲੋਂ, ਸਹਾਇਕ ਡਾਇਰੈਕਟਰ ਬਾਗਬਾਨੀ,**
**ਸਹਿ ਸੰਪਾਦਕ : ਨਵਜੋਤ ਕੌਰ ਬਾਗਬਾਨੀ ਵਿਕਾਸ ਅਫ਼ਸਰ**




## ਪ੍ਰੇਰਨਾ

ਬਾਗਬਾਨੀ ਫ਼ਸਲਾਂ ਵਿੱਚੋਂ ਫ਼ਲ ਤੇ ਸਬਜ਼ੀਆਂ ਸਾਡੇ ਜੀਵਨ ਵਿੱਚ ਅਹਿਮ ਸਥਾਨ ਰੱਖਦੀਆਂ ਹਨ ਕਿਉਂਕਿ ਇੰਨਾਂ ਤੋਂ ਸਾਨੂੰ ਕਈ ਤਰ੍ਹਾਂ ਦੇ ਵਿਟਾਮਿਨ, ਖਣਿਜ, ਖੁਰਾਕੀ ਰੇਸ਼ੇ, ਫਾਈਟੋਕੈਮੀਕਲਜ਼ ਅਤੇ ਬਹੁਤ ਸਾਰੇ ਖਾਧ ਪਦਾਰਥ ਮਿਲਦੇ ਹਨ ਜੋ ਕਿ ਚੰਗੀ ਸਿਹਤ ਬਰਕਰਾਰ ਰੱਖਣ ਲਈ ਬਹੁਤ ਜ਼ਰੂਰੀ ਹਨ। ਇਹ ਸਮਾਂ ਸਰਦੀ ਰੁੱਤ ਦੀਆਂ ਸਬਜ਼ੀਆਂ ਲਾਉਣ ਲਈ ਬਹੁਤ ਹੀ ਢੁਕਵਾਂ ਹੈ। ਇਸ ਮੌਸਮ ਵਿੱਚ ਮੂਲੀ, ਗਾਜਰ, ਸ਼ਲਗਮ, ਮੇਥੀ, ਧਨੀਆ, ਪਾਲਕ, ਗੋਭੀ, ਮਟਰ, ਬਰੌਕਲੀ, ਸਲਾਦ ਆਦਿ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਹੁਣ ਸਮੇਂ ਦੀ ਲੋੜ ਹੈ ਕਿ ਅਸੀਂ ਇਨ੍ਹਾਂ ਦੀ ਕਾਸ਼ਤ ਆਪਣੀ ਘਰੇਲੂ ਬਗੀਚੀ ਵਿੱਚ ਕਰੀਏ ਤਾਂ ਕਿ ਬਜ਼ਾਰ ਵਿੱਚ ਉਪਲਬਧ ਸਬਜ਼ੀਆਂ ਜਿੰਨ੍ਹਾਂ ਤੇ ਬੇਲੋੜੀ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਮਨੁੱਖੀ ਸਿਹਤ ਲਈ ਹਾਨੀਕਾਰਕ ਹਨ, ਦੀ ਖਰੀਦ ਤੋਂ ਬਚਿਆ ਜਾ ਸਕੇ। ਇਸ ਲਈ ਕਿਸਾਨ ਵੀਰ ਬਾਗਬਾਨੀ ਅਧਿਕਾਰੀਆਂ ਦੀ ਸਲਾਹ ਨਾਲ ਇੰਨ੍ਹਾਂ ਦੀ ਕਾਸ਼ਤ ਵਪਾਰਕ ਪੱਧਰ ਤੇ ਕਰਨ ਦੇ ਨਾਲ ਨਾਲ ਘੱਟ-ਘੱਟ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਬਾਗਬਾਨੀ ਵਿਭਾਗ ਤੋਂ ਸਬਜ਼ੀ ਬੀਜਾਂ ਦੀ ਕਿੱਟ ਲਿਆ ਕੇ ਇੰਨ੍ਹਾਂ ਦੀ ਜ਼ਹਿਰਾਂ ਰਹਿਤ ਕਾਸ਼ਤ ਕਰ ਕੇ ਸੰਤੁਲਿਤ ਖੁਰਾਕ ਪੈਦਾ ਕਰ ਸਕਦੇ ਹਨ। ਅਜਿਹਾ ਕਰਨ ਨਾਲ ਜਿੱਥੇ ਇੰਨ੍ਹਾਂ ਦੀ ਖਰੀਦ ਤੇ ਆਉਣ ਵਾਲੇ ਪੈਸੇ ਦੀ ਬੱਚਤ ਹੋਵੇਗੀ ਉੱਥੇ ਹੀ ਪੌਸ਼ਟਿਕਤਾ ਭਰਪੂਰ ਭੋਜਨ ਵੀ ਪ੍ਰਾਪਤ ਹੋਵੇਗਾ।

"ਘਰੇਲੂ ਬਗੀਚੀ ਵਿੱਚ ਪਰਿਵਾਰ ਲਈ ਸਬਜ਼ੀਆਂ ਉਗਾਓ ਬੇਲੋੜੇ ਖ਼ਰਚੇ ਬਚਾਓ ਅਤੇ ਜ਼ਹਿਰਾਂ ਰਹਿਤ ਸਬਜ਼ੀਆਂ ਖਾਓ"

**ਸ਼ੈਲਿੰਦਰ ਕੌਰ**
**ਆਈ.ਐਫ.ਐਸ.**
**ਡਾਇਰੈਕਟਰ ਬਾਗਬਾਨੀ, ਪੰਜਾਬ**









# ਬਾਗਬਾਨੀ ਸਰਗਰਮੀਆਂ



ਮਿਤੀ 11-8-25 ਨੂੰ ਮਾਣਯੋਗ ਬਾਗਬਾਨੀ ਮੰਤਰੀ ਪੰਜਾਬ ਸ਼੍ਰੀ. ਮੋਹਿੰਦਰ ਭਗਤ ਜੀ ਵੱਲੋ ਪੰਜਾਬ ਸਿਵਲ ਸਕੱਤਰੇਤ ਵਿਖੇ ਬਾਗਬਾਨੀ ਵਿਭਾਗ ਦੇ ਕੰਮਾਂ ਦੀ ਪ੍ਰਗਤੀ ਵਾਚਣ ਲਈ ਮੀਟਿੰਗ ਕੀਤੀ ਗਈ। ਇਸ ਮੌਕੇ ਉਹਨਾਂ ਨੇ ਫੁਲਾਂ ਦੀ ਲਗਾਤਾਰ ਵੱਧ ਰਹੀ ਮੰਗ ਦੇ ਮੱਦੇਨਜਰ ਅਧਿਕਾਰੀਆਂ ਨੂੰ ਫੁਲਾਂ ਦੀ ਖੇਤੀ ਨੂੰ ਉਤਸਾਹਿਤ ਕਰਨ ਲਈ ਲੋੜੀਂਦੇ ਕਦਮ ਚੁੱਕਣ ਦੇ ਆਦੇਸ਼ ਦਿੱਤੇ ।ਇਸ ਮੀਟਿੰਗ ਦੌਰਾਨ ਬਾਗਬਾਨੀ ਸਕੱਤਰ ਸ਼੍ਰੀ. ਬਸੰਤ ਗਰਗ ਅਤੇ ਡਾਇਰੈਕਟਰ ਬਾਗਬਾਨੀ ਸ਼੍ਰੀਮਤੀ. ਸ਼ੈਲਿੰਦਰ ਕੌਰ ਨੇ ਕਿਸਾਨਾਂ ਦੀ ਭਲਾਈ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਅਤੇ ਵਿਭਾਗ ਵਿੱਚ ਚੱਲ ਰਹੇ ਵੱਖ- ਵੱਖ ਪ੍ਰੋਜੈਕਟਾਂ ਬਾਰੇ ਮੰਤਰੀ ਜੀ ਨੂੰ ਵਿਸਥਾਰਪੂਰਵਕ ਜਾਣੂ ਕਰਵਾਇਆ।



ਮਿਤੀ 21-8-25 ਨੂੰ ਮਾਣਯੋਗ ਮੁੱਖ ਮੰਤਰੀ ਪੰਜਾਬ ਸ਼੍ਰੀ. ਭਗਵੰਤ ਸਿੰਘ ਮਾਨ ਜੀ ਦੀ ਅਗਵਾਹੀ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਬਾਗਬਾਨੀ ਨੂੰ ਉਤਸਾਹਿਤ ਕਰਨ ਅਤੇ ਫਸਲੀ ਵਿਭਿੰਨਤਾ ਲਿਆਉਣ ਲਈ ਪਿੰਡਾਂ ਦੀ ਪੰਚਾਇਤੀ ਜਮੀਨਾਂ ਤੇ ਫਲਦਾਰ ਬੂਟਿਆਂ ਦੇ ਬਾਗ ਲਗਾਉਣ ਦੇ ਮੰਤਵ ਅਧੀਨ ਮਾਣਯੋਗ ਬਾਗਬਾਨੀ ਮੰਤਰੀ ਪੰਜਾਬ ਸ਼੍ਰੀ ਮੋਹਿੰਦਰ ਭਗਤ ਅਤੇ ਮਾਣਯੋਗ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ਼੍ਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋ ਸਾਂਝੇ ਤੌਰ ਤੇ ਚੰਡੀਗੜ ਵਿਖੇ "ਆਪਣਾ ਪਿੰਡ- ਆਪਣਾ ਬਾਗ" ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸਕੱਤਰ  ਪੇਂਡੂ ਵਿਕਾਸ ਅਤੇ ਪੰਚਾਇਤਾਂ ਸ਼੍ਰੀ ਅਜੀਤ ਬਾਲਾ ਜੋਸ਼ੀ , ਖੇਤੀਬਾੜੀ ਕਮਿਸ਼ਨਰ ਸ਼੍ਰੀਮਤੀ ਬਬੀਤਾ , ਡਾਇਰੈਕਟਰ ਬਾਗਬਾਨੀ ਸ਼੍ਰੀਮਤੀ ਸ਼ੈਲਿੰਦਰ ਕੌਰ , ਡਾਇਰੈਕਟਰ  ਪੇਂਡੂ ਵਿਕਾਸ ਅਤੇ ਪੰਚਾਇਤਾਂ ਸ਼੍ਰੀ ਉਮਾ ਸ਼ੰਕਰ ਗੁਪਤਾ ਅਤੇ ਹੋਰ ਅਧਿਕਾਰੀ ਵਿਸ਼ੇਸ਼ ਤੌਰ ਤੇ ਹਾਜਿਰ ਸਨ।




ਪੰਜਾਬ-ਜਾਪਾਨ ਸਾਂਝਾ ਉਪਰਾਲਾ!

ਬਾਗਬਾਨੀ ਵਿਭਾਗ ਪੰਜਾਬ ਵੱਲੋਂ ਚੱਲ ਰਹੇ ਜੀਕਾ ਪ੍ਰੋਜੈਕਟ ਤਹਿਤ ਮਿਤੀ 27.8.25 ਨੂੰ ਏ. ਆਈ. ਐਫ ਦੇ ਸਹਿਯੋਗ ਨਾਲ ਚੰਡੀਗੜ੍ਹ ਵਿਖੇ ਜਲਵਾਯੂ ਅਨੁਕੂਲ ਅਤੇ ਟਿਕਾਊ ਬਾਗਬਾਨੀ ਬਾਰੇ ਤਕਨਾਲੋਜੀ ਐਕਸਚੇਂਜ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜੀਕਾ ਦੇ ਵਫ਼ਦ ਨਾਲ ਮਿਲਕੇ ਨਵੀਆਂ ਤਕਨਾਲੋਜੀਆਂ ਅਤੇ ਟਿਕਾਊ ਅਭਿਆਸਾਂ ਬਾਰੇ ਚਰਚਾ ਹੋਈ। ਇਸ ਸਹਿਯੋਗ ਰਾਹੀਂ ਪੰਜਾਬ ਦੇ ਕਿਸਾਨਾਂ ਨੂੰ ਆਧੁਨਿਕ ਤਕਨਾਲੋਜੀ, ਫਸਲੀ ਵਿਭਿੰਨਤਾ ਅਤੇ ਆਮਦਨ ਵਿੱਚ ਵਾਧੇ ਦੇ ਨਵੇਂ ਮੌਕੇ ਮਿਲਣਗੇ। ਇਸ ਵਰਕਸ਼ਾਪ ਵਿੱਚ ਮਾਨਯੋਗ ਬਾਗਬਾਨੀ ਮੰਤਰੀ ਪੰਜਾਬ ਸ਼੍ਰੀ ਮੋਹਿੰਦਰ ਭਗਤ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ।ਡਾਇਰੈਕਟਰ ਬਾਗਬਾਨੀ ਪੰਜਾਬ ਸ਼੍ਰੀਮਤੀ ਸ਼ੈਲਿੰਦਰ ਕੌਰ ਜੀ ਵੱਲੋਂ ਵਰਕਸ਼ਾਪ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ । ਇਸ ਮੌਕੇ ਜਪਾਨ ਤੋਂ ਆਈ ਟੀਮ ਵੱਲੋਂ ਜੀਕਾ ਪ੍ਰੋਜੈਕਟ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ । ਇਸ ਵਰਕਸ਼ਾਪ ਵਿੱਚ ਜਪਾਨ ਤੇ ਪੰਜਾਬ ਦੇ ਸਟੇਕਹੋਲਡਰਾਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ ।




ਮਿਤੀ 06/08/2025 ਨੂੰ ਕਿਸਾਨ ਜਾਗਰੂਕਤਾ ਕੈਂਪ ਸਾਹਦੜਾ ਬਲਾਕ ਸੜੋਆ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਲਗਾਇਆ ਗਿਆ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਦੀਆਂ ਸਕੀਮਾਂ ਅਤੇ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ।

# ਬਾਗਬਾਨੀ ਸਰਗਰਮੀਆਂ



ਮਿਤੀ 6-8-2025 ਨੂੰ ਸ੍ਰ ਸਕੱਤਰ ਸਿੰਘ ਪਿੰਡ ਬਹਿਲਾ ਜ਼ਿਲ੍ਹਾ ਤਰਨ ਤਾਰਨ ਦੇ ਨਾਖ ਦੀ ਨਰਸਰੀ ਦਾ ਨਿਰੀਖਣ ਕਰਦੇ ਹੋਏ ਸ੍ਰੀ ਜਸਪਾਲ ਸਿੰਘ ਢਿੱਲੋਂ ਸਹਾਇਕ ਡਾਇਰੈਕਟਰ ਬਾਗਬਾਨੀ ਅਤੇ ਸ੍ਰੀ ਕੰਵਲਜਗਦੀਪ ਸਿੰਘ ਬਾਗਬਾਨੀ ਵਿਕਾਸ ਅਫ਼ਸਰ ਫਤਿਆਬਾਦ।



ਮਿਤੀ 6-8-2025 ਨੂੰ ਸ੍ਰ ਅਲਵਿੰਦਰਪਾਲ ਸਿੰਘ ਪਿੰਡ ਪੱਖੋਕੇ ਜ਼ਿਲ੍ਹਾ ਤਰਨ ਤਾਰਨ ਦੇ ਨਾਖ ਦੇ ਬਾਗ ਦਾ ਨਿਰੀਖਣ ਕਰਦੇ ਹੋਏ ਸ੍ਰੀ ਜਸਪਾਲ ਸਿੰਘ ਢਿੱਲੋਂ ਸਹਾਇਕ ਡਾਇਰੈਕਟਰ ਬਾਗਬਾਨੀ ਅਤੇ ਸ੍ਰੀ ਕੰਵਲਜਗਦੀਪ ਸਿੰਘ ਬਾਗਬਾਨੀ ਵਿਕਾਸ ਅਫ਼ਸਰ ਫਤਿਆਬਾਦ।



ਮਿਤੀ 13-8-25 ਤੋ 15-8-25 ਤੱਕ ਸੈਂਟਰ ਆਫ ਐਕਸੀਲੈਂਸ ਫਾਰ ਵੇਜੀਟੇਬਲ, ਕਰਤਾਰਪੁਰ ਵਿਖੇ ਇਰੀਗੇਸ਼ਨ / ਫਰਟੀਗੇਸ਼ਨ ਸਬੰਧੀ ਦੋ ਦਿਨਾਂ ਟ੍ਰੇਨਿੰਗ ਲਗਾਈ ਗਈ।




ਮਿਤੀ 7-8-25 ਨੂੰ ਫੈਡਰੇਸ਼ਨ ਆਫ਼ ਇੰਡੀਅਨ ਚੈਂਬਰਜ਼ ਆਫ਼ ਕਾਮਰਸ ਐਂਡ ਇੰਡਸਟਰੀ, ਨਵੀਂ ਦਿੱਲੀ ਵੱਲੋਂ ਕਰਵਾਏ ਗਏ ਦੂਜੇ ਸਸਟੇਨੇਬਲ ਐਗਰੀਕਲਚਰ ਸਮਿਟ 2025 ਵਿੱਚ ਜ਼ਿਲ੍ਹਾ ਫਿਰੋਜ਼ਪੁਰ ਨੂੰ ਬਾਗਬਾਨੀ ਵਿਭਾਗ ਵੱਲੋਂ ਫ਼ਸਲੀ ਵਿਭਿੰਨਤਾ ਅਤੇ ਟਿਕਾਊ ਖੇਤੀ ਵੱਲ ਕੀਤੇ ਗਏ ਯਤਨਾਂ ਲਈ ਜ਼ਿਲ੍ਹਾ ਪੱਧਰੀ ਸਸਟੇਨੇਬਲ ਇਨੀਸ਼ੀਏਟਿਵ ਅਵਾਰਡ (ਡੀਸੀ/ਡੀਐਮ) ਨਾਲ ਸਨਮਾਨਿਤ ਕੀਤਾ ਗਿਆ।



ਅੱਜ 15-8-2025 ਸੁਤੰਤਰਤਾ ਦਿਵਸ ਮੌਕੇ ਮੁੱਖ ਮਹਿਮਾਨ ਸਰਦਾਰ ਕੁਲਤਾਰ ਸਿੰਘ ਸੰਧਵਾਂ ਸਪੀਕਰ ਵਿਧਾਨ ਸਭਾ ਪੰਜਾਬ ਜੀ ਵੱਲੋਂ ਸ੍ਰ ਜੋਗਿੰਦਰ ਸਿੰਘ ਅਤੇ ਪ੍ਰਿਤਪਾਲ ਸਿੰਘ ਜ਼ਿਲ੍ਹਾ ਫ਼ਿਰੋਜ਼ਪੁਰ ਨੂੰ ਫੁੱਲਾਂ ਦੀ ਕਾਸ਼ਤ ਕਰਨ ਅਤੇ ਖੇਤੀ ਵਿਭਿੰਨਤਾ ਨੂੰ ਅਪਣਾਉਣ ਲਈ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ।

# ਬਾਗਬਾਨੀ ਸਰਗਰਮੀਆਂ




ਮਿਤੀ 22-8-25 ਤੋ 24-8-25 ਨੂੰ ਡਾਇਰੈਕਟਰ ਬਾਗਬਾਨੀ, ਪੰਜਾਬ ਸ਼ੈਲਿੰਦਰ ਕੌਰ,ਆਈ. ਐਫ.ਐਸ. ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਯੋਗ ਕਾਰਵਾਈ ਹੇਠ Hmalayan Agir & Horit. Expo, ਹਰਿਦੁਆਰ, ਉਤਰਾਖੰਡ ਵਿਖੇ ਬਾਗਬਾਨੀ ਵਿਭਾਗ ਵੱਲੋ ਭਾਗ ਲਿਆ ਗਿਆ। ਸ਼੍ਰੀ. ਹਰਪ੍ਰੀਤ ਸਿੰਘ ਸੇਠੀ, ਉਪ ਡਾਇਰੈਕਟਰ ਬਾਗਬਾਨੀ, ਮੁੱਖ ਦਫਤਰ ਦੀ ਦੇਖ-ਰੇਖ ਹੇਠ ਸ਼੍ਰੀ. ਸੁਖਦੇਵ ਸਿੰਘ, ਸਹਾਇਕ ਡਾਇਰੈਕਟਰ ਬਾਗਬਾਨੀ, ਸ਼੍ਰੀ. ਮੁਕਤਸਰ ਸਾਹਿਬ,ਸ਼੍ਰੀ. ਜਗਦੀਪ ਸਿੰਘ, ਬਾਗਬਾਨੀ ਵਿਕਾਸ ਅਫਸਰ ਅਤੇ ਸ਼੍ਰੀ. ਸੁਖਜਿੰਦਰ ਸਿੰਘ, ਬਾਗਬਾਨੀ ਵਿਕਾਸ ਅਫਸਰ ਵੱਲੋ ਵਿਭਾਗੀ ਗਤੀਵਿਧੀਆਂ ਨੂੰ ਦਰਸਾਉਂਦੀ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਬਾਗਬਾਨੀ ਵਿਭਾਗ ਪੰਜਾਬ ਵੱਲੋ ਪਹਿਲਾ ਸਥਾਨ ਪ੍ਰਾਪਤ ਕੀਤਾ। ਮਾਣਯੋਗ ਜੰਗਲਾਤ ਮੰਤਰੀ, ਉਤਰਾਖੰਡ ਸ੍ਰੀ. ਸੁਬੋਧ ਓਨੀਆਲ ਵੱਲੋ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਵਧਾਈ ਦਿੰਦੇ ਹੋਏ ਸਾਰੀ ਟੀਮ ਨੂੰ ਅਵਾਰਡ ਦੇ ਕੇ ਸਨਮਾਨਿਤ ਕੀਤਾ।



ਮਿਤੀ 26-8-25 ਨੂੰ ਜਾਪਾਨ ਦੀ **Jica team** ਵੱਲੋ ਸੈਂਟਰ ਆਫ ਐਕਸੀਲੈਂਸ ਫਾਰ ਵੇਜੀਟੇਬਲ, ਕਰਤਾਰਪੁਰ ਵਿਖੇ ਵੀਜਿਟ ਕੀਤੀ ਗਈ।



ਮਿਤੀ 27.8.25 ਨੂੰ ਸ੍ਰੀ ਦਲਬੀਰ ਸਿੰਘ ਪਿੰਡ ਖੈਰਦੀਨਕੇ ਜ਼ਿਲ੍ਹਾ ਤਰਨ ਤਾਰਨ ਦੀ ਨਾਖਾਂ ਦੀ ਨਰਸਰੀ ਦਾ ਨਿਰੀਖਣ ਕਰਦੇ ਹੋਏ ਸ੍ਰੀ ਰਾਜਬੀਰ ਸਿੰਘ ਉਪ-ਨਿਰੀਖਕ ਬਾਗਬਾਨੀ ਝਬਾਲ ।

# ਬਾਗਬਾਨੀ ਖਬਰਨਾਮਾਂ

17 ਐਤਵਾਰ, 17 ਅਗਸਤ 2025 www.deshparde

## ਬਾਗਬਾਨੀ ਵਿਭਾਗ ਦੀ ਦੇਖ-ਰੇਖ ਹੇਠਾ ਫੁੱਲਾ ਦੀ ਖੇਤੀ ਕਰਨ ਵਾਲੇ ਮਮਦੋਟ ਦੇ ਉਦਮੀ ਕਿਸਾਨ ਦਾ ਅਜਾਦੀ ਦਿਹਾੜੇ ਮੌਕੇ ਵਿਧਾਨ ਸਭਾ ਸਪੀਕਰ ਵੱਲੋ ਵਿਸ਼ੇਸ਼ ਸਨਮਾਨ



ਮਮਦੋਟ 16 ਅਗਸਤ ( ਜੋਗਿੰਦਰ ਸਿੰਘ ਭੋਲਾ ) 79ਵੇ ਸੁਤੰਤਰਤਾ ਦਿਵਸ ਮੌਕੇ ਸਹੀਦਾਂ ਦੀ ਧਰਤੀ ਫਿਰੋਜਪੁਰ ਵਿਖੇ ਵਿਧਾਨ ਸਭਾ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਜੀ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਉੱਥੇ ਹੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਫਸਲੀ ਵਿਭਿੰਨਤਾ ਦੇ ਆਧਾਰ ਤੇ ਬਾਗਬਾਨੀ ਵਿਭਾਗ ਫਿਰੋਜਪੁਰ ਦੇ ਡਿਪਟੀ ਡਾਇਰੈਕਟਰ ਬਲਕਾਰ ਸਿੰਘ ਦੀ ਪ੍ਰੇਰਨਾ ਤੇ ਪਿੰਡ ਚੱਕ ਘੁਬਾਈ ਉਰਫ ਤਰ੍ਹਾਂ ਵਾਲਾਂ ਦੇ ਕਿਸਾਨ ਜੋਗਿੰਦਰ ਸਿੰਘ ਨੇ ਪਿਛਲੇ ਵੀਹ ਸਾਲਾਂ ਤੋਂ ਫੁੱਲਾਂ ਦੀ ਖੇਤੀ ਕਰਨ ਤੇ ਹੋਰਨਾਂ ਕਿਸਾਨਾਂ ਨੂੰ ਨਾਲ ਲੈਕੇ ਫੁੱਲਾਂ ਦੀ ਖੇਤੀ ਕਰਵਾਉਣ ਵਿੱਚ ਅਹਿਮ ਯੋਗਦਾਨ ਪਾਉਦਿਆ ਧਰਤੀ ਹੇਠਲੇ ਪਾਣੀਆਂ ਨੂੰ ਕੰਟਰੋਲ ਕਰਨ ਵਿੱਚ ਯੋਗਦਾਨ ਪਾਉਣ ਕਰਕੇ ਉਹਨਾ ਨੂੰ ਆਜਾਦੀ ਦਿਹਾੜੇ ਮੌਕੇ ਫਿਰੋਜਪੁਰ ਵਿਖੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਫਿਰੋਜਪੁਰ ਦਿਹਾਤੀ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ, ਗੁਰੂਹਰਸਹਾਏ ਤੋ ਵਿਧਾਇਕ ਫੌਜਾ ਸਿੰਘ ਸਰਾਰੀ, ਫਿਰੋਜਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਭੁੱਲਰ ਅਤੇ ਬਾਗਵਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਬਲਕਾਰ ਸਿੰਘ ਹਾਜਰ ਸਨ।

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com

## ਪੀ.ਏ.ਯੂ. ਦੇ ਕਿਸਾਨ ਕਲੱਬ ਵਲੋਂ ਸਿਟਰਸ ਅਸਟੇਟ ਭੂੰਗਾ ਦਾ ਦੌਰਾ

ਹਰਿਆਣਾ, 21 ਅਗਸਤ (ਹਰਮੇਲ ਸਿੰਘ ਖੱਖ)- ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਕਿਸਾਨ ਕਲੱਬ ਵਲੋਂ ਸਿਟਰਸ ਅਸਟੇਟ ਭੂੰਗਾ ਦਾ ਵਿਸ਼ੇਸ਼ ਤੌਰ 'ਤੇ ਦੌਰਾ ਅਗਾਂਹਵਧੂ ਕਿਸਾਨ ਮਨਪ੍ਰੀਤ ਸਿੰਘ ਗਰੇਵਾਲ ਦੀ ਅਗਵਾਈ 'ਚ ਕੀਤਾ ਗਿਆ। ਇਸ ਮੌਕੇ ਡਾ. ਲਖਬੀਰ ਸਿੰਘ ਬਾਗ਼ਬਾਨੀ ਵਿਕਾਸ ਅਫ਼ਸਰ ਵੱਲੋਂ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕੌਮੀ ਬਾਗ਼ਬਾਨੀ ਮਿਸ਼ਨ ਅਧੀਨ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਤੇ ਇਸ ਨੂੰ ਪ੍ਰਾਪਤ ਕਰਨ ਦੇ ਢੰਗ ਤਰੀਕੇ ਵੀ ਦੱਸੇ। ਇਸ ਸਮੇਂ ਡਾ. ਜਸਪਾਲ ਸਿੰਘ ਢੇਰੀ ਚੇਅਰਮੈਨ ਸਿਟਰਸ ਅਸਟੇਟ ਭੂੰਗਾ ਨੇ ਸਿਟਰਸ ਅਸਟੇਟ ਭੂੰਗਾ (ਹਰਿਆਣਾ) ਵੱਲੋਂ ਕੀਤੇ ਕੰਮਾਂ ਬਾਰੇ ਆਏ ਕਿਸਾਨਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਭੂੰਗਾ ਅਸਟੇਟ 'ਚ ਕਿਸਾਨਾਂ ਲਈ ਆਪਣੀ ਜ਼ਮੀਨ 'ਚ ਖੇਤੀ ਕਰਨ ਲਈ ਮਾਡਰਨ ਸੰਦ ਰੱਖੇ ਹੋਏ ਹਨ, ਤਾਂ ਜੋ ਲੋੜਵੰਦ ਕਿਸਾਨ ਆਪਣੇ ਸੰਦ ਲੈਣ ਦੀ ਬਜਾਏ ਇੱਥੋਂ ਸੰਦ ਅਤੇ ਟਰੈਕਟਰ ਸਾਂਝੇ ਤੌਰ 'ਤੇ ਵਰਤ ਕੇ ਖੇਤੀ ਕਰ ਸਕੇ। ਇਸ ਮੌਕੇ ਮਨਪ੍ਰੀਤ ਸਿੰਘ ਗਰੇਵਾਲ ਪ੍ਰਧਾਨ ਕਿਸਾਨ ਕਲੱਬ ਪੀ.ਏ.ਯੂ ਲੁਧਿਆਣਾ ਅਤੇ ਜਗਵਿੰਦਰ ਕੌਰ ਪੂਨੀਆਂ ਪ੍ਰਧਾਨ ਕਿਸਾਨ ਕਲੱਬ ਬੀਬੀਆਂ ਨੇ ਸਿਟਰਸ ਅਸਟੇਟ ਭੂੰਗਾ ਦਾ ਦੌਰਾ ਕਰਦੇ ਹੋਏ ਕੋ ਆ ਪ ਰੇ ਟਿ ਵ ਸਿਸਟਮ ਦੀ ਸ਼ਲਾਘਾ ਕੀਤੀ। ਇਸ ਮੌਕੇ ਹਰਜਿੰਦਰ ਸਿੰਘ ਢਿੱਲੋਂ ਕਾਰਜਕਾਰਨੀ ਮੈਂਬਰ, ਡਾ. ਪ੍ਰੇਮ ਸਿੰਘ, ਡਾ. ਦੀਪਕ ਸ਼ਰਮਾ, ਡਾ. ਜਸਦੀਪ ਸਿੰਘ, ਅੰਮ੍ਰਿਤਪਾਲ ਸਿੰਘ ਰੰਧਾਵਾ, ਦਲਦੀਪ ਸਿੰਘ ਢਿੱਲੋਂ, ਗੁਰਕੀਰਤ ਸਿੰਘ ਢਿੱਲੋਂ, ਤੇਜਵੀਰ ਸਿੰਘ, ਗੁਰਪ੍ਰੀਤ ਸਿੰਘ, ਰਜਿੰਦਰਪਾਲ ਸਿੰਘ, ਹਰਭਜਨ ਸਿੰਘ, ਸੁਖਦੀਪ ਸਿੰਘ, ਹਰਕਮਲ ਸਿੰਘ ਤੇ ਹੋਰ ਹਾਜ਼ਰ ਸਨ।




ਸਿਟਰਸ ਅਸਟੇਟ ਭੂੰਗਾ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੀ.ਏ.ਯੂ ਲੁਧਿਆਣਾ ਦੇ ਕਿਸਾਨ ਕਲੱਬ ਦੇ ਮੈਂਬਰਾਂ ਦਾ ਡਾ. ਜਸਪਾਲ ਸਿੰਘ ਢੇਰੀ ਤੇ ਹੋਰਨਾਂ ਵਲੋਂ ਬੂਟੇ ਦੇ ਕੇ ਸਨਮਾਨ ਕੀਤੇ ਜਾਣ ਦਾ ਦ੍ਰਿਸ਼। ਤਸਵੀਰ. ਹਰਮੇਲ ਸਿੰਘ ਖੱਖ

ਅਜੀਤ
22-Aug-2025
Page: 6
http://epaper.ajitjalandhar.com/edition/20250822/3/6.cms

## ਪੰਜਾਬ ਸਰਕਾਰ ਵਲੋਂ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਹਨ ਵਿਸ਼ੇਸ਼ ਯਤਨ-ਡਿਪਟੀ ਡਾਇਰੈਕਟਰ ਬਾਗਬਾਨੀ

### ਅਗਾਂਹ ਵਧੂ ਕਿਸਾਨ ਗੁਰਵਰਿਆਮ ਸਿੰਘ ਵਲੋਂ ਸ਼ੈਡਨੈੱਟ ਹਾਊਸ ਵਿਚ ਖੀਰੇ ਦੀ ਕਾਸ਼ਤ ਕਰ ਕੇ ਇਲਾਕੇ ਦੇ 'ਚ ਰਚਿਆ ਇਤਿਹਾਸ

ਖੇਮਕਰਨ, 31 ਜੁਲਾਈ (ਰਾਕੇਸ਼ ਬਿੱਲਾ)- ਪੰਜਾਬ ਸਰਕਾਰ ਵਲੋਂ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਜ਼ਿਲ੍ਹਾ ਤਰਨ ਤਾਰਨ ਵਿਚ ਬਾਗਬਾਨੀ ਕਿੱਤਾ ਖੇਤੀ ਵਿਭਿੰਨਤਾ ਦੇ ਖੇਤਰ ਵਿਚ ਮੋਹਰੀ ਸਾਬਿਤ ਹੋ ਰਿਹਾ ਹੈ। ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਜੋਧ ਸਿੰਘ ਵਾਲਾ ਦੇ ਅਗਾਂਹ ਵਧੂ ਕਿਸਾਨ ਗੁਰਵਰਿਆਮ ਸਿੰਘ ਨੇ ਵਿਦੇਸ਼ ਆਪਣੇ ਭਰਾ ਕੋਲ ਜਾਣ ਤੋਂ ਇਨਕਾਰ ਕਰਕੇ ਆਪਣੇ ਪਿਤਾ ਜਸਵੰਤ ਸਿੰਘ ਦੇ ਨਾਲ ਖੇਤੀ ਕਰਨ ਨੂੰ ਤਰਜੀਹ ਦਿੱਤੀ ਅਤੇ ਬਾਗਬਾਨੀ ਵਿਭਾਗ ਪਾਸੋਂ ਸੁਰੱਖਿਅਤ ਖੇਤੀ ਕਰਨ ਦੀ ਟ੍ਰੇਨਿੰਗ ਪ੍ਰਾਪਤ ਕਰਨ ਉਪਰੰਤ ਸਾਲ 2023-24 ਦੌਰਾਨ ਬਾਗਬਾਨੀ ਵਿਭਾਗ ਨਾਲ ਤਾਲਮੇਲ ਕਰਕੇ ਇਕ ਏਕੜ ਦਾ ਸ਼ੈੱਡਨੈੱਟ ਹਾਊਸ ਲਗਾਇਆ। ਅਗਾਂਹ ਵਧੂ ਕਿਸਾਨ ਗੁਰਵਰਿਆਮ ਸਿੰਘ ਵਲੋਂ ਸ਼ੈੱਡਨੈੱਟ ਹਾਊਸ ਵਿਚ ਖੀਰੇ ਦੀ ਕਾਸ਼ਤ ਕਰਕੇ ਆਪਣੇ ਇਲਾਕੇ ਦੇ ਵਿਚ ਇਕ ਨਵਾਂ ਇਤਿਹਾਸ ਰਚਿਆ ਹੈ। ਇਹ ਕਿਸਾਨ ਆਪਣੀ ਸਬਜ਼ੀ ਤੇ ਫਸਲਾਂ ਦੀ ਗੁਣਵੰਤਾ ਵਧਾਉਣ ਵਾਸਤੇ ਬਾਗਬਾਨੀ ਵਿਭਾਗ ਅਤੇ ਪੀ.ਏ.ਯੂ. ਲੁਧਿਆਣਾ ਵਲੋਂ ਸਮੇਂ-ਸਮੇਂ ਲਗਾਏ ਜਾਂਦੇ ਕੈਂਪਾਂ, ਸੈਮੀਨਾਰਾਂ ਵਿਚ ਆਪਣੇ ਪਰਿਵਾਰ ਸਮੇਤ ਭਾਗ ਲੈਂਦਾ ਹੈ ਅਤੇ ਮਾਹਿਰਾਂ ਵਲੋਂ ਦਿੱਤੀਆਂ ਤਕਨੀਕੀ ਸਿਫਾਰਸ਼ਾਂ ਅਨੁਸਾਰ ਹੀ ਆਪਣੀ ਫਸਲ ਦੀ ਸਾਂਭ-ਸੰਭਾਲ ਕਰਦੇ ਆ ਰਹੇ ਹਨ। ਇਹ ਕਿਸਾਨ ਆਪਣੇ ਇਕ ਏਕੜ ਖੇਤ ਵਿਚ ਲੱਗੇ ਸ਼ੈੱਡਨੈਟ ਹਾਊਸ ਵਿਚੋਂ 4.0 ਏਕੜ ਕਣਕ-ਝੋਨਾ ਲਾਉਣ ਵਾਲੇ ਕਿਸਾਨਾਂ ਨਾਲੋਂ ਵੱਧ ਕਮਾਈ ਕਰ ਰਿਹਾ ਹੈ। ਸਹਾਇਕ ਡਾਇਰੈਕਟਰ ਬਾਗਬਾਨੀ ਪੱਟੀ ਜਸਪਾਲ ਸਿੰਘ ਨੇ ਦੱਸਿਆ ਕਿ ਕਿਸਾਨ ਵਲੋਂ ਸ਼ੈੱਡਨੈਟ ਹਾਊਸ ਅੰਦਰ ਸਾਲ ਵਿਚ ਦੋ ਵਾਰ ਖੀਰੇ ਦੀ ਫਸਲ ਤਿਆਰ ਕੀਤੀ ਜਾਂਦੀ ਹੈ ਅਤੇ ਉੱਪਜ ਦੀ ਸਹੀ ਦਰਜਾਬੰਦੀ, ਪੈਕਿੰਗ ਕਰਕੇ ਕਿਸਾਨ ਵਲੋਂ ਖੁਦ ਮੰਡੀ ਕਰਨ ਕੀਤਾ ਜਾਂਦਾ ਹੈ। ਡਿਪਟੀ ਡਾਇਰੈਕਟਰ ਬਾਗਬਾਨੀ ਤਜਿੰਦਰ ਸਿੰਘ ਵਲੋਂ ਦੱਸਿਆ ਗਿਆ ਕਿ ਇਸ ਕਿਸਾਨ ਦਾ ਭਰਾ ਜੋ ਪਿਛਲੇ 7 ਸਾਲ ਤੋਂ ਇਟਲੀ ਵਿਚ ਸੀ, ਉਹ ਵੀ ਹੁਣ ਇਸ ਕਿੱਤੇ ਨੂੰ ਅਪਨਾਉਣ ਲਈ ਵਾਪਸ ਆਪਣੇ ਪਿੰਡ ਆ ਗਿਆ ਹੈ ਅਤੇ ਇਸ ਸਾਲ 2025 ਵਿਚ ਉਸ ਵਲੋਂ ਵੀ ਇਕ ਸ਼ੈੱਡਨੈਟ ਹਊਸ ਬਣਾਇਆ ਜਾਣਾ ਹੈ। ਇਸ ਸਫ਼ਲ ਕਿਸਾਨ ਵਲੋਂ ਬਣਾਈ ਗਈ ਪੈੜ ਉੱਪਰ ਇਲਾਕੇ ਦੇ ਹੋਰ ਕਿਸਾਨਾਂ ਵਲੋਂ ਵੀ ਬਾਗਬਾਨੀ ਕਿੱਤੇ ਨੂੰ ਅਪਨਾਇਆ ਜਾ ਰਿਹਾ ਹੈ ਅਤੇ ਆਪਣੀ ਆਰਥਿਕਤਾ ਨੂੰ ਖੁਸ਼ਹਾਲ ਬਣਾਇਆ ਜਾ ਰਿਹਾ ਹੈ।



ਕਿਸਾਨ ਗੁਰਵਰਿਆਮ ਸਿੰਘ ਸ਼ੈਡਨੈੱਟ ਹਾਊਸ ਸੰਬੰਧੀ ਜਾਣਕਾਰੀ ਦਿੰਦਾ ਹੋਇਆ। ਤਸਵੀਰ: ਬਿੱਲਾ

### ਘਰ 'ਚ ਚੋਰੀ ਕਰਨ ਆਏ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਤਰਨ ਤਾਰਨ, 31 ਜੁਲਾਈ (ਪਰਮਜੀਤ ਜੋਸ਼ੀ)- ਜ਼ਿਲ੍ਹਾ ਤਰਨ ਤਾਰਨ ਅਧੀਨ ਪੈਂਦੇ ਥਾਣਾ ਵੈਰੋਂਵਾਲ ਦੀ ਪੁਲਿਸ ਨੇ ਘਰ ਵਿਚ ਚੋਰੀ ਕਰਨ

# ਬਾਗਬਾਨੀ ਗਿਆਨ

## ਸਤੰਬਰ ਮਹੀਨੇ ਦੇ ਬਾਗਬਾਨੀ ਰੁਝੇਵੇਂ

ਇਸ ਮਹੀਨੇ ਬਾਰਿਸ਼ਾਂ ਲਗਭਗ ਖਤਮ ਹੋ ਜਾਂਦੀਆਂ ਹਨ ਅਤੇ ਗਰਮੀ ਦਾ ਪ੍ਰਕੋਪ ਘੱਟ ਜਾਂਦਾ ਹੈ। ਮੌਸਮ ਦੀ ਤਬਦੀਲੀ ਦੇ ਨਾਲ ਹੀ ਬਾਗਬਾਨੀ ਫਸਲਾਂ ਦੀਆਂ ਲੋੜਾਂ ਵੀ ਕਾਫੀ ਹੱਦ ਤੱਕ ਬਦਲ ਜਾਂਦੀਆਂ ਹਨ, ਜਮੀਨ ਕੰਮ ਕਰਨ ਦੇ ਯੋਗ ਹੋ ਜਾਂਦੀ ਹੈ ਅਤੇ ਇਸ ਵਿੱਚੋਂ ਨਦੀਨ ਖਤਮ ਕਰਨ ਲਈ ਇਹ ਢੁਕਵਾਂ ਸਮਾਂ ਹੈ। ਇਸ ਮੌਸਮ ਦੌਰਾਨ ਸਦਾਬਹਾਰ ਫਲਦਾਰ ਬੂਟੇ ਜੇਕਰ ਪਹਿਲਾਂ ਨਹੀ ਲਗਾਏ ਤਾਂ ਲਾ ਦਿੱਤੇ ਜਾਣ ਅਤੇ ਪਿਛਲੇ ਮਹੀਨੇ ਲਗਾਏ ਨਵੇਂ ਫਲਦਾਰ ਬੂਟਿਆਂ ਦੀ ਦੇਖ ਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਵਾਧੂ ਖੜੇ ਪਾਣੀ ਦੀ ਨਿਕਾਸੀ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਬੂਟਿਆਂ ਦਾ ਨੁਕਸਾਨ ਨਾ ਹੋਵੇ।

## ਫਲਦਾਰ ਬੂਟੇ

ਨਾਸ਼ਪਾਤੀ ਦੀ ਪੰਜਾਬ ਬਿਊਟੀ ਦੇ ਵੱਡੇ ਦਰੱਖਤਾਂ ਨੂੰ ਅੱਧਾ ਕਿੱਲੋ ਯੂਰੀਆ ਖਾਦ ਪਾ ਦਿਉ। ਅਮਰੂਦ ਦੇ ਵੱਡੇ ਦਰੱਖਤਾਂ ਨੂੰ ਅੱਧਾ ਕਿਲੋ ਯੂਰੀਆ, ਸਵਾ ਕਿਲੋ ਸਿੰਗਲ ਸੁਪਰਫਾਸਫੇਟ, ਪੌਣਾ ਕਿਲੋ ਮਿਊਰੇਟ ਆਫ ਪੋਟਾਸ਼ ਖਾਦਾਂ ਦੀ ਦੂਜੀ ਕਿਸ਼ਤ ਪਾ ਦਿਉ। ਲੁਕਾਠ ਦੇ ਵੱਡੇ ਦਰੱਖਤਾਂ ਨੂੰ ਪੰਜਾਹ ਕਿਲੋ ਦੇਸੀ ਰੂੜੀ, ਦੋ ਕਿਲੋ ਸਿੰਗਲ ਸੁਪਰਫਾਸਫੇਟ, ਡੇਢ ਕਿਲੋ ਮਿਊਰੇਟ ਆਫ ਪੋਟਾਸ਼ ਪਾ ਦਿਉ।ਮੌਸਮ ਵਿੱਚ ਨਮੀ ਦੀ ਮਾਤਰਾ ਜਿਆਦਾ ਹੋਣ ਕਰਕੇ ਨਿੰਬੂ ਜਾਤੀ ਫਲਾਂ ਨੂੰ ਕਈ ਤਰ੍ਹਾਂ ਦੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਵੇਖਣ ਨੂੰ ਮਿਲਦਾ ਹੈ। ਫਲਾਂ ਦਾ ਕੇਰਾ ਰੋਕਣ ਲਈ ਪਾਣੀ ਲੋੜ ਅਨੁਸਾਰ ਦਿਉ, 10 ਮਿਲੀ ਗ੍ਰਾਮ ਜਿਬਰੈਲਿਕ ਐਸਿਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇ ਕਰੋ।ਸੁਰੰਗੀ ਕੀੜੇ ਅਤੇ ਸਿਟਰਸ ਸਿਲਾ ਦੀ ਰੋਕਥਾਮ ਲਈ 0.32 ਗ੍ਰਾਮ ਐਕਟਾਰਾ 25 ਡਬਲਯੂ ਜੀ ਜਾਂ 0.4 ਮਿ.ਲੀ. ਕਰੋਕੋਡਾਈਲ, ਚਿੱਟੀ ਮੱਖੀ ਦੀ ਰੋਕਥਾਮ ਲਈ ਗੰਭੀਰ ਹਮਲੇ ਹੇਠ ਆਏ ਪੱਤੇ ਕੱਟ ਕੇ ਨਸ਼ਟ ਕਰ ਦਿਉ, ਟਾਹਣੀਆਂ ਸੁੱਕਣ, ਫਲ ਗਲਣ ਦੀ ਰੋਕਥਾਮ ਲਈ 3 ਗ੍ਰਾਮ ਕਾਪਰ ਔਕਸੀਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇ ਕਰੋ ਅਤੇ ਜੇਕਰ ਫਲ ਦੀਆਂ ਮੱਖੀਆਂ ਦੀ ਰੋਕਥਾਮ ਲਈ ਪੀ.ਏ.ਯੂ. ਫਰੂਟ ਫਲਾਈ ਟਰੈਪ ਅਜੇ ਨਹੀਂ ਲਗਾਏ ਤਾਂ ਤੁਰੰਤ ਇਹ 16 ਟਰੈਪ ਪ੍ਰਤੀ ਏਕੜ ਲਗਾ ਦਿਉ। ਅੰਗੂਰ ਦੇ ਬੂਟਿਆਂ ਨੂੰ ਸੁੱਕਣ ਤੋਂ ਬਚਾਉਣ ਲਈ 1 ਮਿ.ਲੀ. ਸਕੋਰ ਪ੍ਰਤੀ ਲੀਟਰ ਪਾਣੀ ਅਤੇ ਪੀਲੇ ਧੱਬਿਆਂ ਦੇ ਰੋਗ ਦੀ ਰੋਕਥਾਮ ਲਈ ਬੋਰਡੋ ਮਿਸ਼ਰਣ 2:2:250 ਦੇ ਹਿਸਾਬ ਸਪਰੇ ਕਰੋ। ਬੇਰਾਂ ਵਿੱਚ ਲਾਖ ਦੇ ਕੀੜੇ ਦੀ ਰੋਕਥਾਮ ਲਈ ਰੋਗੀ ਤੇ ਸੁੱਕੀਆਂ ਟਾਹਣੀਆਂ ਨੂੰ ਕੱਟ ਕੇ ਨਸ਼ਟ ਕਰ ਦਿਉ ਅਤੇ ਧੂੜੇਦਾਰ ਉੱਲੀ ਰੋਗ ਦੀ ਰੋਕਥਾਮ ਲਈ 0.5 ਮਿ.ਲੀ. ਕੈਰਾਥੇਨ ਜਾਂ 2.5 ਗ੍ਰਾਮ ਘੁਲਣਸ਼ੀਲ ਗੰਧਕ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਸਪਰੇ ਕਰੋ।

## ਸਬਜੀਆਂ

ਸਰਦ ਰੁੱਤ ਦੀਆਂ ਸਬਜੀਆਂ ਦੀ ਘਰੇਲੂ ਬਗੀਚੀ ਲਗਾਉਣ ਲਈ ਬਾਗਬਾਨੀ ਵਿਭਾਗ ਜਾਂ ਪੀ.ਏ.ਯੂ. ਲੁਧਿਆਣਾ ਤੋਂ ਸਬਜੀ ਬੀਜਾਂ ਦੀ ਕਿੱਟ ਲਿਆ ਕੇ ਬਿਜਾਈ ਕਰ ਦਿਉ।ਵਪਾਰਕ ਪੱਧਰ ਲਈ ਵੀ ਮੂਲੀ ਦੀ ਪੂਸਾ ਚੇਤਕੀ ਕਿਸਮ, ਗਾਜਰ ਪੰਜਾਬ ਕੈਰਟ ਰੈੱਡ/ਬਲੈਕ ਬਿਊਟੀ ਅਤੇ ਸ਼ਲਗਮ ਦੀ ਐਲ–1 ਦੀਆਂ ਦੇਸੀ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿਉ।ਮੂਲੀ ਤੇ ਗਾਜਰ ਲਈ 25–30 ਗ੍ਰਾਮ ਅਤੇ ਸ਼ਲਗਮ ਲਈ 13 ਗ੍ਰਾਮ ਬੀਜ ਪ੍ਰਤੀ ਮਰਲਾ ਵਰਤੋ। ਬੀਜਣ ਤੋਂ ਪਹਿਲਾਂ 100 ਕਿੱਲੋ ਦੇਸੀ ਰੂੜੀ, 350 ਗ੍ਰਾਮ ਯੂਰੀਆ, 470 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾ ਦਿਉ। ਗਾਜਰ ਲਈ 312 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪਾਓ। 45 ਸੈ.ਮੀ. ਦੀ ਦੂਰੀ ਤੇ ਵੱਟਾ ਬਣਾ ਕੇ 7.5 ਸੈ.ਮੀ. ਬੂਟੇ ਤੋਂ ਬੂਟੇ ਦਾ ਫਾਸਲਾ ਰੱਖ ਕੇ ਚੰਗੇ ਵੱਤਰ ਵਿੱਚ ਬੀਜ ਲਗਾਉ।ਫੁੱਲਗੋਭੀ, ਬੰਦਗੋਭੀ ਲਈ 280 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਅਤੇ 250 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾ ਦਿਉ। ਫਿਰ ਵੱਟਾਂ ਤੇ 4–6 ਹਫਤੇ ਦੀ ਪਨੀਰੀ ਲਗਾ ਦਿਉ। ਪਾਲਕ ਦੀ ਪੰਜਾਬ ਗਰੀਨ ਜਾਂ ਸੁਪਰੀਮ ਕਿਸਮ ਦਾ 25–40 ਗ੍ਰਾਮ ਬੀਜ ਪ੍ਰਤੀ ਮਰਲਾ ਕਤਾਰਾਂ ਵਿੱਚ 20 ਸੈ.ਮੀ. ਦਾ ਫਾਸਲਾ ਰੱਖ ਕੇ 3–4 ਸੈ.ਮੀ. ਡੂੰਘਾ ਬੀਜ ਦਿਉ।ਲਸਣ ਦੀ ਬਿਜਾਈ ਤੋਂ ਪਹਿਲਾਂ 125 ਕਿਲੋ ਦੇਸੀ ਰੂੜੀ ਖਾਦ, 250 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾ ਕੇ ਡੇਢ ਕਿਲੋ ਤੁਰੀਆਂ ਕਤਾਰ ਤੋਂ ਕਤਾਰ 15 ਸੈ.ਮੀ. ਅਤੇ ਬੂਟਿਆਂ ਵਿੱਚ ਫਾਸਲਾ 7.5 ਸੈ.ਮੀ. ਰੱਖ ਕੇ ਪ੍ਰਤੀ ਮਰਲਾ ਬਿਜਾਈ ਕਰ ਦਿਉ।ਆਲੂ ਦੀਆਂ

ਅਗੇਤੀਆਂ ਕਿਸਮਾਂ ਲਗਾਉਣ ਲਈ ਬੀਜ ਸਟੋਰ ਵਿੱਚੋਂ ਕੱਢ ਕੇ ਹਵਾਦਾਰ ਕਮਰੇ ਵਿੱਚ ਤਹਿ ਵਿੱਚ ਵਿਛਾ ਦਿਉ ਅਤੇ ਦਿਨ ਵਿੱਚ ਇੱਕ ਵਾਰ ਹਿਲਾਉ।ਬੀਜ ਨੂੰ ਰੋਗ ਰਹਿਤ ਕਰਨ ਲਈ 2.5 ਮਿ.ਲੀ. ਮੋਨਸਰਨ ਦਵਾਈ ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ 10 ਮਿੰਟ ਲਈ ਭਿਉ ਕੇ ਸੋਧ ਲਵੋ। ਬਿਜਾਈ ਸਮੇਂ 125 ਕੁਇੰਟਲ ਦੇਸੀ ਰੂੜੀ, 500 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਅਤੇ 250 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾ ਦਿਉ ਅਤੇ ਫਿਰ ਵੱਟਾਂ ਤੇ ਆਲੂ ਲਗਾ ਦਿਉ।ਮਟਰ ਲਈ ਜਲਦੀ ਪੱਕਣ ਵਾਲੀਆਂ ਕਿਸਮਾਂ ਏ ਪੀ-3, ਅਗੇਤਾ-6, ਅਗੇਤਾ-7, ਜਾਂ ਅਰਕਲ ਦਾ 280 ਗ੍ਰਾਮ ਬੀਜ ਰਾਈਜੋਬੀਅਮ ਟੀਕੇ ਨਾਲ ਸੋਧ ਕੇ ਲਗਾਉਣ ਤੋਂ ਪਹਿਲਾ 280 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਪਾਸਫੇਟ ਖਾਦ ਪ੍ਰਤੀ ਮਰਲਾ ਪਾ ਦਿਉ।

## ਫੁੱਲ ਅਤੇ ਸਜਾਵਟੀ ਬੂਟੇ

ਇਸ ਮਹੀਨੇ ਗਲੈਡੀਉਲਸ, ਨਰਗਿਸ, ਫਰੀਜੀਆ ਦੇ ਗੰਢਿਆਂ ਦੀ ਬਿਜਾਈ ਕੀਤੀ ਜਾ ਸਕਦੀ ਹੈ। ਗੰਢੀਆਂ ਨੂੰ ਬਿਜਾਈ ਤੋਂ ਪਹਿਲਾਂ 2 ਗ੍ਰਾਮ ਬਾਵਿਸਟਨ ਪ੍ਰਤੀ ਲੀਟਰ ਪਾਣੀ ਦੇ ਘੋਲ ਵਿੱਚ ਅੱਧਾ ਘੰਟਾ ਸੋਧ ਲਵੋ। ਇਹ ਸਰਦ ਰੁੱਤ ਦੇ ਮੌਸਮੀ ਫੁੱਲਾਂ ਦੀ ਪਨੀਰੀ ਤਿਆਰ ਕਰਨ ਲਈ ਬਹੁਤ ਹੀ ਢੁੱਕਵਾਂ ਸਮਾਂ ਹੈ, ਇਸ ਲਈ ਪਨੀਰੀ ਲਗਾਉਣ ਲਈ ਬੀਜ ਬੀਜਣ ਉਪਰੰਤ ਹਲਕਾ ਪਾਣੀ ਲਗਾ ਦਿਉ।ਗੁਲਾਬ ਦੇ ਬੂਟਿਆਂ ਨੂੰ ਪਾਣੀ ਦੇਣਾ ਬੰਦ ਕਰ ਦਿਉ ਤਾਂ ਜੋ ਇਸ ਮਹੀਨੇ ਦੇ ਚੌਥੇ ਹਫਤੇ ਕਾਂਟ-ਛਾਂਟ ਕੀਤੀ ਜਾ ਸਕੇ। ਗੁਲਦਾਉਦੀ ਅਤੇ ਗੇਂਦਾ ਤੇ ਪੱਤਾ ਧੱਬਾ ਰੋਗ ਦੀ ਰੋਕਥਾਮ ਲਈ 2 ਗ੍ਰਾਮ ਇੰਡੋਫਿਲ ਐਮ-45 ਦਵਾਈ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਪੱਕੇ ਬੂਟਿਆਂ ਅਤੇ ਵੇਲਾਂ ਦੀ ਕਾਂਟ-ਛਾਂਟ ਕਰਕੇ ਇੰਨ੍ਹਾਂ ਨੂੰ ਲੋੜੀਂਦਾ ਆਕਾਰ ਦਿੱਤਾ ਜਾ ਸਕਦਾ ਹੈ ਘਾਹ ਦੇ ਲਾਅਨ ਦੀ ਕਟਾਈ ਕਰਦੇ ਰਹੋ ਅਤੇ ਇਸਨੂੰ ਹਰਾ ਭਰਿਆ ਰੱਖਣ ਲਈ ਇੱਕ ਕਿੱਲੋ ਕਿਸਾਨ ਖਾਦ ਜਾਂ ਅੱਧਾ ਕਿਲੋ ਯੂਰੀਆ ਖਾਦ ਪ੍ਰਤੀ 1000 ਫੁੱਟ ਦੇ ਹਿਸਾਬ ਪਾ ਦਿਓ।

## ਖੁੰਬਾਂ/ਢੀਂਗਰੀ

ਪਰਾਲੀ ਵਾਲੀ ਖੁੰਬ ਦੀ ਗਰਮੀਆਂ ਵਿੱਚ ਕਾਸ਼ਤ ਕਰਨ ਲਈ ਪਰਾਲੀ ਇਕੱਠੀ ਕਰ ਲਵੋ ਅਤੇ ਛੋਟੇ ਪੂਲੇ ਬਣਾ ਕੇ ਸ਼ੈਡ ਵਿੱਚ ਰੱਖ ਦਿਉ। ਬਟਨ ਖੁੰਬ ਲਈ ਕੰਪੋਸਟ ਤਿਆਰ ਕਰਨ ਲਈ ਤੀਸਰੇ ਹਫਤੇ ਕੰਮ ਸ਼ੁਰੂ ਕਰ ਦਿਉ ਅਤੇ ਲੋੜ ਅਨੁਸਾਰ ਖੁੰਬ ਸਪਾਨ (ਬੀਜ) ਵੀ ਬੁੱਕ ਕਰਵਾ ਦਿਉ।

## ਸ਼ਹਿਦ ਮੱਖੀਆਂ

ਸ਼ਹਿਦ ਦੀਆਂ ਮੱਖੀਆ ਦੇ ਬਕਸਿਆਂ ਦਾ ਨਿਰੀਖਣ ਕਰਦੇ ਰਹੋ ਅਤੇ ਬਕਸਿਆਂ ਵਿੱਚੋਂ ਪੱਕਿਆ ਹੋਇਆ ਸ਼ਹਿਦ ਕੱਢ ਲਉ। ਵਰੋਆ ਚਿਚੜੀ ਦਾ ਹਮਲਾ ਧਿਆਨ ਵਿੱਚ ਆਉਣ ਤੇ ਅਗਜੌਲਿਕ ਐਸਿਡ ਦਾ ਘੋਲ ਤਿਆਰ ਕਰਕੇ ਹਫਤੇ ਦੇ ਵਕਫੇ ਤੇ ਤਿੰਨ ਵਾਰ ਸ਼ਾਮ ਨੂੰ ਸਪਰੇ ਕਰੋ। ਸਟੋਰ ਕੀਤੇ ਵਾਧੂ ਛੱਤਿਆਂ ਨੂੰ ਮੋਮੀ ਕੀੜੇ ਤੋਂ ਬਚਾਅ ਲਈ ਲੋੜੀਂਦੇ ਪ੍ਰਬੰਧ ਕਰੋ। ਰਾਣੀ ਮੱਖੀ ਤਿਆਰ ਕਰਨ ਲਈ ਮਾਹਿਰਾਂ ਦੀ ਸਲਾਹ ਲਵੋ।

## ਸਿਖਲਾਈ ਕੋਰਸ

ਸਕਿੱਲ ਡਿਵੈਲੱਪਮੈਂਟ ਸੈਂਟਰ (ਫੋਨ ਨੰ. 0161-2401960 ਐਕਸਟੈਂਸ਼ਨ 261) ਪੀ.ਏ.ਯੂ. ਲੁਧਿਆਣਾ ਵੱਲੋਂ ਅਤੇ ਆਪਣੇ ਨੇੜੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਕਰਕੇ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਲੈ ਸਕਦੇ ਹੋ।